10.9.95

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ,

## ਕਿਤਾਬ ਸਭਿਆਚਾਰ

ਪ੍ਰਦੇਸਾਂ ਦੀ ਆਪਣੀ ਨਾਟਕ ਫੇਰੀ ਵਿਚ ਜਿਥੇ ਵੀ ਅਸੀਂ ਨਾਟਕ ਕਰਦੇ ਸਾਂ, ਉਥੇ ਚੰਗੀਆਂ ਕਿਤਾਬਾਂ ਦੇ ਸਟਾਲ ਵੀ ਲਗਾਂਦੇ ਸਾਂ, ਜੋ ਅਸੀਂ ਵੱਡੀ ਗਿਣਤੀ ਵਿਚ ਇਥੋਂ ਨਾਲ ਲੈ ਕੇ ਗਏ ਸਾਂ। ਕਿਤਾਬ ਸਭਿਆਚਾਰ ਨੂੰ ਲੋਕਾਂ ਵਿਚ ਵਾਜਬ ਕੀਮਤ 'ਤੇ ਲਿਜਾਣ ਦਾ ਉਪਰਾਲਾ ਜਿਸ ਤਰ੍ਹਾਂ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਪੰਜਾਬ ਵਿਚ ਕੀਤਾ ਜਾਂਦਾ ਹੈ, ਇਹ ਉਪਰਾਲਾ ਪ੍ਰਦੇਸਾਂ ਵਿਚ ਵੀ ਬੜਾ ਸਫਲ ਰਿਹਾ ਹੈ। ਕਿਤਾਬ ਸਭਿਆਚਾਰ ਦੇ ਸੰਦਰਭ ਵਿਚ ਇਹ ਵੀ ਕਹਿਣਾ ਬਣਦਾ ਹੈ ਕਿ ਸਾਡੇ ਬਹੁਤ ਸਾਰੇ ਸੰਵੇਦਨਸ਼ੀਲ ਲੇਖਕ ਪ੍ਰਦੇਸਾਂ ਵਿਚ ਹਨ। ਉਨ੍ਹਾਂ ਦਾ ਰਚਿਆ ਸਾਹਿਤ ਉਥੋਂ ਦੇ ਮੈਗਜ਼ੀਨਾਂ ਵਿਚ ਵੀ ਮਿਲਦਾ ਹੈ ਤੇ ਕਿਤਾਬਾਂ ਦੇ ਰੂਪ ਵਿਚ ਵੀ ਮਿਲਦਾ ਹੈ। ਟੋਰਾਂਟੋ ਵਿਚ 'ਕਲਮਾਂ ਦਾ ਕਾਫਲਾ' ਸੰਸਥਾ ਵਲੋਂ ਕਰਵਾਈ ਗਈ ਇਕ ਮੀਟਿੰਗ ਵਿਚ ਮੇਜਰ ਮਾਂਗਟ ਨੂੰ ਮਿਲਣ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਦਾ ਕਹਾਣੀ ਸੰਗ੍ਰਹਿ 'ਕੂੰਜਾਂ ਦੀ ਮੌਤ' ਵੀ ਮਿਲਿਆ। ਮੇਜਰ ਮਾਂਗਟ ਸਮਰਾਲਾ ਦੇ ਇਲਾਕੇ ਵਿਚ ਪਿੰਡ ਕੁੱਬਾ ਦਾ ਰਹਿਣ ਵਾਲਾ ਹੈ। 'ਕੂੰਜਾਂ ਦੀ ਮੌਤ' ਤੋਂ ਪਹਿਲਾਂ ਉਹਦੀ ਇਕ ਕਿਤਾਬ 'ਤਲੀਆਂ ਉਤੇ ਉਗੇ ਥੋਹਰ' ਵੀ ਪਾਠਕਾਂ ਤਕ ਪੁੱਜ ਚੁੱਕੀ ਹੈ। 'ਕੂੰਜਾਂ ਦੀ ਮੌਤ' ਵਿਚ ਸ਼ਾਮਲ 15 ਕਹਾਣੀਆਂ ਇਕ ਕਿਸਮ ਦਾ ਉਨ੍ਹਾਂ ਅਨੁਭਵਾਂ ਦਾ ਦਸਤਾਵੇਜ਼ੀ ਰਿਕਾਰਡ ਹੈ, ਜੋ ਇਧਰੋਂ ਜਾ ਕੇ ਪ੍ਰਦੇਸਾਂ ਵਿਚ ਵਸਦੇ ਲੋਕਾਂ ਦਾ ਹੈ। ਕੈਨੇਡਾਂ ਦੀ ਹੱਡ ਤੋੜਵੀਂ ਮਿਹਨਤ ਨਾਲ ਕਮਾਏ ਡਾਲਰਾਂ ਨੂੰ ਨਾਲ ਹੀ ਨਾਲ ਡਕਾਰੀ ਜਾ ਰਿਹਾ ਉਥੋਂ ਦਾ ਪੂੰਜੀਵਾਦੀ ਸਿਸਟਮ, ਨੌਕਰੀ ਤੇ ਘਰ ਗ੍ਰਹਿਸਤੀ ਦੇ ਦੋਹਰੇ ਕੰਮ ਨੂੰ ਸੰਭਾਲ ਰਹੀਆਂ ਔਰਤਾਂ 'ਤੇ ਆਪਣਾ ਰੋਹਬ ਜਮਾਈ ਬੈਠਾ ਮਰਦ ਸਮਾਜ ਦੋ ਦੇਸ਼ਾਂ ਦੀਆਂ ਸਭਿਆਚਾਰਕ ਕਦਰਾਂ ਕੀਮਤਾਂ ਵਿਚਲਾ ਫਰਕ ਜੋ ਦੁੱਖਾਂ ਦਰਦਾਂ, ਪੀੜਾਂ, ਉਕੇ ਸ਼ਿਕਵਿਆਂ ਅਤੇ ਓਦਰੇਵਿਆਂ ਨੂੰ ਜਨਮ ਦਿੰਦਾ ਹੈ। ਮਾਂਗਟ ਦੀ ਹਰ ਇਕ ਕਹਾਣੀ ਵਿਚ ਰੂਪਮਾਨ ਹੁੰਦਾ ਹੈ। ਸਾਡੇ ਨੌਜਵਾਨ ਤਬਕੇ ਵਿਚ ਬਾਹਰਲੇ ਦੇਸ਼ਾਂ ਨੂੰ ਜਾਣ ਵਾਸਤੇ ਦੌੜ ਅਤੇ ਏਜੰਟਾਂ ਦੇ ਚੱਕਰ ਤੋਂ ਬਚਣ ਲਈ ਵੀ ਪ੍ਰੇਰਨਾ ਹਨ। ਅਸਲੀਅਤ ਬਾਹਰਲੇ ਮੁਲਕਾਂ ਲਈ ਸਜਾਏ ਸੁਪਨ ਮਹਿਲ ਤੋਂ ਕੋਹਾਂ ਦੂਰ ਹੈ। ਲੇਖਕ ਦੇ ਕਹਿਣ ਅਨੁਸਾਰ ਉਹਨੇ ਆਪਣੀ ਪੁਸਤਕ ਦਾ ਨਾਂ 'ਕੂੰਜਾਂ ਦੀ ਮੌਤ' ਇਸ ਲਈ ਰੱਖਿਆ ਹੈ ਕਿਉਂਕਿ ਕੂੰਜਾਂ ਪਰਵਾਸੀਆਂ ਦਾ ਚਿੰਨ੍ਹ ਹਨ। ਉਨ੍ਹਾਂ ਦੀ ਇਹ ਮੌਤ ਉਨ੍ਹਾਂ ਦੀ ਸਰੀਰਕ

## ਬਾਲ ਪ੍ਰੀਤ ਕਾਫਲਾ

ਪੰਜਾਬ ਦੇ ਸਭਿਆਚਾਰਕ ਖੇਤਰ ਵਿਚ ਬਾਲ ਪ੍ਰੀਤ ਕਾਫਲਾ ਹੁਣ ਇਕ ਵਿਸ਼ੇਸ਼ ਥਾਂ ਰੱਖਦਾ ਹੈ। ਅੰਮ੍ਰਿਤਸਰ ਜ਼ਿਲੇ ਦੇ ਇਤਿਹਾਸਕ ਸਾਹਿਤਕ ਪਿੰਡ ਪ੍ਰੀਤਨਗਰ ਤੋਂ ਚਾਰ ਸਾਲ ਪਹਿਲੇ ਚਲਾਇਆ ਇਹ ਕਾਫਲਾ ਹੁਣ ਆਪਣੀ ਲਗਾਤਾਰਤਾ ਕਰ ਕੇ ਇਕ ਲਹਿਰ ਦਾ ਰੂਪ ਧਾਰ ਗਿਆ ਹੈ। ਬਾਲ ਨਾਟਕ ਵਰਕਸ਼ਾਪ ਬੱਚਿਆਂ ਦੀਆਂ ਸਿਰਜਣਾਤਮਕ ਰੁਚੀਆਂ ਨੂੰ ਉਤਸ਼ਾਹਤ ਕਰਨ 'ਤੇ ਵਿਕਾਸ ਕਰਨਾ, ਚੰਗੀਆਂ ਕਿਤਾਬਾਂ ਖਰੀਦ ਕੇ ਪੜ੍ਹਨ ਦਾ ਸ਼ੌਕ ਪੈਦਾ ਕਰਨ ਆਦਿ ਇਸ ਕਾਫਲੇ ਦੀ ਸਰਗਰਮੀਆਂ ਵਿਚ ਸ਼ਾਮਲ ਹਨ। ਅੰਮ੍ਰਿਤਸਰ, ਫਰੀਦਕੋਟ, ਕਪੂਰਥਲਾ ਦੇ ਬਾਅਦ ਇਸ ਸਾਲ ਦਾ ਕਾਫਲਾ ਅਕਤੂਬਰ ਵਿਚ ਜਲੰਧਰ ਜ਼ਿਲੇ ਦੇ ਵੱਖ ਵੱਖ ਕਸਬਿਆਂ ਅਤੇ ਸ਼ਹਿਰਾਂ ਵਿਚ ਆਪਣਾ ਸਫਰ ਤੈਅ ਕਰੇਗਾ।